# ਦਫ਼ਤਰ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ, ਸੰਗਰੂਰ

ਵੱਲ,

ਜਿਲ੍ਹਾ ਮੈਨੇਜਰ,
ਸੀ.ਐਸ.ਸੀ., ਸੰਗਰੂਰ।

ਨੰਬਰ: 1485 ਮਿਤੀ 21-08-2023

ਵਿਸ਼ਾ:- ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਵਿਦਿਆਰਥੀਆਂ ਦੀ ਬਾਇਓਮੈਟ੍ਰਿਕ ਅਥੈਟੀਕੇਸ਼ਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਸੰਗਰੂਰ ਅੰਦਰ ਕਾਲਜਾਂ ਨਾਲ ਸਬੰਧਤ ਸੰਸਥਾ ਮੁਖੀਆਂ ਅਤੇ ਨੋਡਲ ਅਫਸਰਾਂ ਦੀ ਬਾਇਓਮੈਟ੍ਰਿਕ ਲਗਭਗ ਮੁਕੰਮਲ ਹੋ ਚੁੱਕੀ ਹੈ ਅਤੇ ਹੁਣ ਸਰਕਾਰ ਵੱਲੋਂ ਨਿਰਧਾਰਿਤ ਸਡਿਊਲ ਵਿਦਿਆਰਥੀਆਂ ਦੀ ਬਾਇਓਮੈਟ੍ਰਿਕ ਕੀਤੀ ਜਾਣੀ ਹੈ। ਜਿਸ ਸਬੰਧੀ ਸੰਸਥਾਵਾਂ ਅਤੇ ਵਿਦਿਆਰਥੀਆਂ ਵੱਲੋਂ ਵਾਰ-ਵਾਰ ਇਸ ਦਫਤਰ ਨਾਲ ਰਾਬਤਾ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਦੀਆਂ ਲਿਸਟ ਅਤੇ ਨੋਡਲ ਅਫਸਰਾਂ ਦੇ ਦੀ ਲਿਸਟ ਆਪ ਨੂੰ ਪਹਿਲਾਂ ਹੀ ਪੱਤਰ ਨੰਬਰ 1470 ਮਿਤੀ 18-08-23 ਰਾਹੀਂ ਭੇਜੀ ਜਾ ਚੁੱਕੀ ਹੈ। ਇਸ ਲਈ ਆਪ ਨੂੰ ਹੇਠ ਲਿਖੇ ਅਨੁਸਾਰ ਸਡਿਊਲ ਭੇਜਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਸੰਸਥਾਵਾਂ ਵਿੱਚ ਆਪਣੇ ਅਪਰੇਟਰ ਭੇਜਕੇ ਕੈਂਪ ਲਗਾਕੇ ਵਿਦਿਆਰਥੀਆਂ ਦੀ ਬਾਇਓਮੈਟ੍ਰਿਕ ਕੀਤੀ ਜਾਵੇ।

| ਲੜੀ ਨੰ: | ਸੰਸਥਾ ਦਾ ਨਾਮ | ਕੈਂਪ ਦੀ ਮਿਤੀ | ਵਿਸ਼ੇਸ਼ ਕਥਨ |
|---|---|---|---|
| 1 | ਭਾਈ ਗੁਰਦਾਸ ਗਰੁੱਪ ਆਫ ਇੰਸਟੀਚਿਊਸ਼ਨ, ਘਾਬਦਾਂ | 22-23 ਅਗਸਤ 2023 | ਸ੍ਰੀ ਨਵੀਨ ਕੁਮਾਰ ਨੋਡਲ ਅਫਸਰ ਮੋ:ਨੰ: 94170-54756 |
| 2 | ਸਲਾਇਟ ਲੌਂਗੋਵਾਲ | 22-23 ਅਗਸਤ 2023 | ਸੰਜੇ ਸੁਰਮਾ ਨੋਡਲ ਅਫਸਰ ਮੋ:ਨੰ: 92164-06145 |

ਉਪਰੋਕਤ ਅਨੁਸਾਰ ਸੰਸਥਾਵਾਂ ਵਿਖੇ ਪਹੁੰਚਕੇ ਵਿਸ਼ੇਸ਼ ਕਥਨ ਵਿਖੇ ਦਿਖਾਏ ਗਏ ਅਧਿਕਾਰੀਆਂ/ਕਰਮਚਾਰੀਆਂ ਨਾਲ ਸੰਪਰਕ ਕਰਕੇ ਕੈਂਪ ਲਗਾਇਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਵਿਦਿਆਰਥੀ ਬਾਇਓਮੈਟ੍ਰਿਕ ਪੈਡਿੰਗ ਨਾ ਰਹੇ।

Ram Kumar
ਜਿਲ੍ਹਾ ਸਮਾਜਿਕ ਨਿਆਂ ਅਤੇ
ਅਧਿਕਾਰਤਾ ਅਫਸਰ,
ਸੰਗਰੂਰ

ਪਿੱਠ ਅੰਕਣ ਨੰਬਰ : 1486-94 ਮਿਤੀ 21-08-2023

ਇਸਦਾ ਇੱਕ ਉਤਾਰਾ:-

1 ਸਮੂਹ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰਾਨ ਜਿਲ੍ਹਾ ਸੰਗਰੂਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਸ੍ਰੀ ਜਗਦੀਪ ਸਿੰਘ ਮੋ:ਨੰ: 78887-87372 ਨਾਲ ਸੰਪਰਕ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਆਪ ਦੀ ਤਹਿਸੀਲ ਨਾਲ ਸਬੰਧਤ ਕਿਸੇ ਵੀ ਵਿਦਿਆਰਥੀ ਦੀ ਬਾਇਓਮੈਟ੍ਰਿਕ ਹੋਣ ਤੋਂ ਨਾ ਰਹੇ ਵਿਦਿਆਰਥੀਆਂ ਦੀਆਂ ਲਿਸਟਾਂ ਆਪ ਨੂੰ ਈਮੇਲ ਜਰੀਏ ਭੇਜੀਆਂ ਜਾ ਰਹੀਆਂ ਹਨ।

2 ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਪੰਜਾਬ (ਮਨਿਓਰਟੀ ਸਕਾਲਰਸ਼ਿਪ ਵਿੰਗ) ਪਾਸ ਸੂਚਨਾ ਹਿੱਤ।

Ram Kumar
ਜਿਲ੍ਹਾ ਸਮਾਜਿਕ ਨਿਆਂ ਅਤੇ
ਅਧਿਕਾਰਤਾ ਅਫਸਰ,
ਸੰਗਰੂਰ

Scanned with OKEN Scanner